بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.09.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਮੁਸਲਮਨਾ ਵਿੱਚੋਂ ਵੀ ਬਹੁਤੇ ਅਤੇ ਹੋਰਨਾ ਧਰਮਾਂ ਵਿੱਚੋਂ ਵੀ ਲੋਕ ਸਾਡੇ ਵਿੱਚ ਸ਼ਮਾਲ ਹੁੰਦੇ ਜਾ ਰਹੇ ਹਨ, ਇੰਸ਼ਾਅਲੱਾਹ ਇਹੋ ਅਲਪ ਸੰਖਿਆ ਇਕ ਦਿਨ ਬਹੁਸੰਖਿਆ ਵਿੱਚ ਬਦਲ ਜਾਵੇਗੀ, ਇਹ ਰੱਬ ਦਾ ਵਾਦਾ ਹੈ ਅਤੇ ਇਸ ਦੇ ਨਮੂਨੇ ਅਸੀਂ ਪ੍ਰਤੀਦਿਨ ਦੇਖਦੇ ਰਹਿੰਦੇ ਹਾਂ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਸਤੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਪਛੱਮੀ ਪ੍ਰੈਸ ਤੇ ਮੀਡੀਆ ਇਹ ਪ੍ਰਸ਼ਨ ਕਰਦਾ ਹੈ ਕਿ ਤੁਸੀਂ ਇਸਲਾਮ ਦੀ ਅਮਨ ਪਸੰਦ ਸਿੱਖਿਆ ਦੀਆਂ ਗਲੱਾਂ ਕਰਦੇ ਹੋ, ਪਰ ਮੁਸਲਮਾਨਾ ਦੀ ਬਹੁਤੀ ਗਿਣਤੀ ਇਹ ਗਲੱਾਂ ਨਹੀਂ ਕਰਦੀ ਅਤੇ ਨ ਹੀ ਉਹ ਤੁਹਾਨੂੰ ਮੁਸਲਮਾਨ ਸਮਝਦੀ ਹੈ ਅਤੇ ਅਹਮਦੀਆਂ ਦੀ ਗਿਣਤੀ ਵੀ ਦੂਜਿਆਂ ਮੁਸਲਮਾਨਾਂ ਦੇ ਮੁਕਾਬਲੇ ਵਿੱਚ ਬਹੁਤ ਹੀ ਥੋੜੀ ਹੈ । ਜੱਦ ਇਹ ਅਵਧਥਾ ਹੈ ਤਾਂ ਮੁਸਮਲਮਾਨਾ ਨੂੰ ਤੁਸੀਂ ਕਿਵੇਂ ਉਸ ਸਿੱਖਿਆ ਉਪੱਰ ਚਲੱਣ ਲਈ ਕਾਇਲ ਕਰੋਗੇ, ਜੇਕਰ ਤੁਸੀਂ ਕਹਿੰਦੇ ਹੋ ਕਿ ਇਹੋ ਇਸਲਾਮੀ ਸਿੱਖਿਆ ਹੈ ਜਿਸ'ਤੇ ਤੁਸੀਂ ਚਲਦੇ ਹੋ । ਸਾਡਾ ਉਤੱਰ ਹਮੇਸ਼ਾ ਇਹੋ ਹੁੰਦਾ ਹੈ ਕਿ ਅਸੀਂ ਜਿਸ ਇਸਲਾਮ ਜਿਸ ਸਿੱਖਿਆ ਦੀ ਗੱਲ ਕਰਦੇ ਹਾਂ ਉਸ ਨੂੰ ਕੁਰਆਨ ਕਰੀਮ ਤੇ ਸੁਨੱਤੇ ਰਸੂਲ ਤੋਂ ਸਾਬਤ ਕਰਦੇ ਹਾਂ । ਸਾਡੀਆਂ ਗਲੱਾਂ ਕੋਈ ਹਵਾਈ ਗਲੱਾਂ ਨਹੀਂ ਹਨ । ਅਸੀਂ ਇਹ ਸਾਬਤ ਕਰਦੇ ਹਾਂ ਕਿ ਇਸਲਾਮ ਦੀ ਸਿੱਖਿਆ ਹਮੇਸ਼ਾਂ ਤੋਂ ਹੀ ਹਕੂਕੁਲੱਾਹ ਤੇ ਹਕੂਕੁਲ ਇਬਾਦ ਦੀ ਅਦਾਇਗੀ ਦੀ ਸਿੱਖਿਆ ਹੈ । ਜਿੱਥੋਂ ਤੱਕ ਇਹ ਪ੍ਰਸ਼ਨ ਹੈ ਕਿ ਦੂਜਿਆਂ ਮੁਸਲਮਾਨਾ ਨੂੰ ਇਸ ਸਿੱਖਿਆ ਅਨੁਸਾਰ ਅਸੀਂ ਕਿਵੇਂ ਕਾਇਲ ਕਰਾਂਗੇ ਤਾਂ ਇਸ ਦਾ ਉਤੱਰ ਇਹ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੇਸ਼ਗੋਈ (ਭਵਿਖੱਬਾਣੀ) ਅਨੁਸਾਰ ਮੁਸਲਮਾਨਾ ਦੀ ਅਜਿਹੀ ਵਿਗੜੀ ਹੋਈ ਅਵਸਥਾ ਸਮੇਂ ਮਸੀਹ ਮੌਊਦ ਤੇ ਮਹਦੀ ਮਾਹੂਦ ਨੇ ਆਉਣਾ ਸੀ ਅਤੇ ਮੁਸਲਮਾਨਾ ਦਾ ਵੀ ਸੁਧਾਰ ਕਰਨਾ ਸੀ ਅਤੇ ਹੋਰਨਾ ਦੁਨੀਆ ਨੂੰ ਵੀ ਇਸਲਾਮ ਦਾ ਹਕੀਕੀ ਸੰਦੇਸ਼ ਪਹੁੰਚਾਉਂਣਾ ਸੀ । ਸੋ, ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਦੀ ਪੇਸ਼ਗੋਈ ਵੱਡੀ ਸ਼ਾਨ ਨਾਲ ਪੂਰੀ ਹੋਈ ਅਤੇ ਅਜਿਹੇ ਸਮੇਂ ਵਿੱਚ ਜੱਦ ਇਹ ਹਾਲਾਤ ਸਨ ਮਸੀਹ ਮੌਊਦ ਤੇ ਮਹਦੀ ਮਾਹੂਦ ਨੂੰ ਰੱਬ ਨੇ ਭੇਜਿਆ ਅਤੇ ਉਸ ਨੇ ਆਣਕੇ ਸਾਨੂੰ ਇਸਲਾਮ ਦੀ, ਕੁਰਆਨ

ਕਰੀਮ ਦੀ ਹਕੀਕੀ ਸਿੱਖਿਆ ਦਾ ਅਨੁਕਰਣ ਕਰਾਇਆ ਅਤੇ ਇਸਲਾਮ ਦੇ ਹਰ ਆਦੇਸ਼ ਦੀ ਹਿਕਮਤ (ਬੁੱਧ) ਵਰਨਣ ਕੀਤੀ ਅਤੇ ਅਸੀਂ ਅਹਮਦੀ ਮੁਸਲਮਾਨ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਿਆ ਹੈ ਉਸ ਅਨੁਸਾਰ ਇਸਲਾਮ ਦੀ ਸਿੱਖਿਆ ਨੂੰ ਮੁਸਲਮਾਨਾ ਨੂੰ ਵੀ ਤੇ ਹੋਰਨਾ ਨੂੰ ਵੀ ਦੱਸ ਰਹੇ ਹਾਂ, ਸਾਡਾ ਕੰਮ ਪ੍ਰਚਾਰ ਹੈ । ਸੋ, ਇਹ ਅਸੀਂ ਕਰ ਰਹੇ ਹਾਂ ਅਤੇ ਇੰਸ਼ਾਅਲੱਾਹ ਕਰਦੇ ਚਲੇ ਜਾਵਾਂਗੇ ।

ਇਲਾਹੀ ਜਮਾਤਾਂ ਦਿਨਾਂ ਵਿੱਚ ਤਰੱਕੀ ਨਹੀਂ ਕਰ ਜਾਇਆ ਕਰਦੀਆਂ ਸਗੋਂ ਹੌਲ੍ਹੀ ਹੌਲ੍ਹੀ ਫੈਲਦੀਆਂ ਤੇ ਵਧੱਦੀਆਂ ਹਨ । ਅਸੀਂ ਉਹਨਾਂ ਨੂੰ ਇਹੋ ਕਹਿੰਦੇ ਹਾਂ ਕਿ ਤੁਸੀਂ ਕਹਿੰਦੇ ਹੋ ਕਿ ਦੂਜਿਆਂ ਮੁਸਲਮਾਨਾਂ ਨੂੰ ਕਿਵੇਂ ਇਸ ਸਿੱਖਿਆ ਉਪੱਰ ਚਲਾਓਗੇ ਤਾਂ ਜਮਾਤ ਅਹਮਦੀਆ ਜੋ ਹੁਣ ਕਰੋੜ੍ਹਾਂ ਵਿੱਚ ਫੈਲ ਚੁੱਕੀ ਹੈ ਇਸ ਵਿੱਚ ਅਧਿਕਤਰ ਮੁਸਲਮਾਨਾ ਦੇ ਹੋਰਨਾ ਫਿਰਕਿਆਂ ਵਿੱਚੋਂ ਆਣਕੇ ਹੀ ਸ਼ਾਮਲ ਹੋਏ ਹਨ । ਜਿਵੇਂ ਜਿਵੇਂ ਲੋਕਾਂ ਉਪੱਰ ਸਚੱਾਈ ਖੁਲੱਦੀ ਜਾਂਦੀ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਦਾ ਪਤਾ ਲਗੱਦਾ ਜਾਂਦਾ ਹੈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨਾ ਅਤੇ ਆਪ ਦੀਆ ਭਵਿੱਖਬਾਣੀਆਂ ਨੂੰ ਸਮਝਣ ਲਗੱਦੇ ਹਨ ਤਾਂ ਮੁਸਲਮਾਨਾਂ ਵਿੱਚੋਂ ਬਹੁਤੇ ਅਤੇ ਹੋਰਨਾ ਧਰਮਾ ਵਿੱਚੋਂ ਵੀ ਲੋਕ ਸਾਡੇ ਵਿੱਚ ਸ਼ਾਮਲ ਹੁੰਦੇ ਚਲੇ ਜਾ ਰਹੇ ਹਨ ਅਤੇ ਇੰਸ਼ਾਅਲੱਾਹ ਇਹੋ ਅਕਲੀਯਤ (ਘੱਟ ਗਿਣਤੀ) ਇਕ ਦਿਨ ਬਹੁਗਿਣਤੀ ਵਿੱਚ ਬਦਲ ਜਾਏਗੀ । ਇਹ ਰੱਬ ਦਾ ਵਾਦਾ ਹੈ ਅਤੇ ਇਸ ਦੇ ਨਮੂਨੇ ਅਸੀਂ ਪ੍ਰਤੀਦਿਨ ਦੇਖ ਰਹੇ ਹਾਂ । ਹਰ ਸਾਲ ਲਖੱਾਂ ਦੀ ਗਿਣਤੀ ਵਿੱਚ ਜਮਾਤ ਵਿੱਚ ਜੋ ਲੋਕ ਸ਼ਾਮਲ ਹੁੰਦੇ ਹਨ ਉਹਨਾਂ ਵਿੱਚੋਂ ਬਹੁਤੀ ਗਿਣਤੀ ਮੁਸਲਮਾਨਾ ਵਿੱਚੋਂ ਹੀ ਹੈ । ਇਸ ਗੱਲ ਦੇ ਹੁੰਦਿਆਂ ਹੋਇਆਂ ਕਿ ਸਾਡੇ ਕੋਲ ਬਹੁਤ ਘੱਟ ਸਾਧਨ ਹਨ, ਮੁਬਲੱਗਾਂ (ਮੌਲਵੀਆਂ) ਦੀ ਗਿਣਤੀ ਬਹੁਤ ਥੋੜੀ ਹੈ ਪਰ ਫਿਰ ਵੀ ਰੱਬ ਅਸਾਧਾਰਣ ਨਤੀਜੇ ਪੈਦਾ ਕਰ ਰਿਹਾ ਹੈ ਸਗੋਂ ਬਹੁਤੇ ਤਾਂ ਅਜਿਹੇ ਹਨ ਜਿੰਨ੍ਹਾ ਦਾ ਰੱਬ ਆਪ ਮਾਰਗ ਦਰਸ਼ਨ ਕਰਦਾ ਹੈ । ਇਉਂ ਸੁਪਨਿਆਂ ਰਾਹੀਂ ਬਹੁਤਿਆਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਜਮਾਤ ਦਾ ਪਰੀਚੇ ਹੋਇਆ ਅਤੇ ਆਪ ਦੀ ਸਚੱਾਈ ਉਹਨਾਂ ਉਪੱਰ ਪ੍ਰਕਟ ਹੋਈ । ਕਈਆਂ ਨੂੰ ਪਹਿਲਾਂ ਪਰੀਚੇ ਹੁੰਦਾ ਹੈ ਅਤੇ ਫਿਰ ਉਹ ਇਸਤਿਖ਼ਾਰੇ (ਦੁਆਵਾਂ ਰਾਹੀਂ ਜਾਣਕਾਰੀ ਹਾਸਲ ਕਰਨੀ) ਕਰਦੇ ਹਨ ਅਤੇ ਰੱਬ ਦੇ ਮਰਗਦਰਸ਼ਨਾਂ ਰਾਹੀਂ ਜਮਾਤ ਵਿੱਚ ਸ਼ਾਮਲ ਹੋ ਜਾਂਦੇ ਹਨ । ਕਈ ਪ੍ਰਚਾਰ ਸੁਣਦੇ ਹਨ ਜਿਸ ਵਿੱਚ ਹੁਣ ਮੁਬਲੱਗ਼ (ਪ੍ਰਚਾਰਕ), ਮੁਅਲੱਮ (ਸਿੱਖਿਅਕ) ਜਾਂ ਦਾਈਯਾਨ (ਸਵੈਸੇਵਕਾਂ) ਤੋਂ ਬਿਨਾ ਸਾਡੇ ਰੇਡੀਓ ਅਤੇ ਟੈਲੀਵੀਜ਼ਨ ਚੈਨਲ ਵੀ ਸ਼ਾਮਲ ਹੋ ਗਏ ਹਨ । ਇਹਨਾਂ ਰਾਹੀਂ ਇਹ ਸੰਦੇਸ਼ ਸੁਣਕੇ ਉਹਨਾਂ ਦੇ ਦਿਲਾਂ ਨੂੰ ਰੱਬ ਖੋਲਦਾ ਹੈ । ਕਈ ਅਜਿਹੇ ਹਨ ਜੋ ਵਿਰੋਧੀਆਂ ਦੀ ਵਿਰੋਧਤਾ ਤੇ ਅਖੀਰ ਉਹਨਾਂ ਦੇ ਅੰਜਾਮ ਨੂੰ ਦੇਖਕੇ ਅਹਮਦੀਅਤ ਨੂੰ ਪਰਵਾਨ ਕਰਦੇ ਹਨ । ਕਈਆਂ ਨੂੰ ਰੱਬ ਨਿਸ਼ਾਨ ਦਿਖਾ ਦਿੰਦਾ ਹੈ । ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਫ਼ਰਮਾਇਆ ਕਿ ਮੈਂ ਤੈਂਨੂੰ ਸਸਮਾਨ ਦਿਆਂਗਾ ਅਤੇ ਵਧਾਵਾਂਗਾ । ਫਿਰ ਰੱਬ ਆਪ ਅਲੈਹਿ ਸਲਾਮ ਨੂੰ ਫ਼ਰਮਾਉਂਦਾ ਹੈ ਕਿ (لا مبدل لکلماته) ਲਾ ਮੁਬੱਦਿਲ ਲਿਕਲਿਮਾਤੁਹੂ, ਕੋਈ ਨਹੀਂ ਜੋ ਰੱਬ ਦੀਆਂ ਗਲੱਾਂ ਨੂੰ ਟਾਲ ਸਕੇ ।

ਆਪ ਦੀ ਜਮਾਤ ਦੇ ਵਧੱਣ ਅਤੇ ਜਮਾਤੀ ਤਰੱਕੀ ਦੇ ਬਹੁਤ ਸਾਰੇ ਇਲਹਾਮ ਹਨ । ਰੱਬ ਨੇ ਫ਼ਰਮਾਇਆ, ਮੈਂ ਤਰੱਕੀ ਦਿਆਂਗਾ ਤੇਰੇ ਪ੍ਰੇਮੀਆਂ ਦੇ ਦਲ ਨੂੰ ਵਧਾਵਾਂਗਾ । ਸੋ, ਅੱਜ ਉਸ ਇਕੱਲੇ ਵਿਅਕਤੀ ਦੀ ਜਮਾਤ ਸਾਰੀ ਦੁਨੀਆਂ ਵਿੱਚ ਫੈਲ ਚੁਕੀ ਹੈ ਅਤੇ ਪ੍ਰਤੀਦਿਨ ਵੱਧ ਰਹੀ ਹੈ । ਪ੍ਰਤੀਦਿਨ ਨਵੇਂ ਨਵੇਂ ਲੋਕ ਸ਼ਾਮਲ ਹੋ ਰਹੇ ਹਨ, ਰੱਬ ਕਿਵੇਂ ਮਾਰਗ

ਖੇਲਦਾ ਹੈ, ਕਿਵੇਂ ਲੋਕਾਂ ਦਾ ਇਸ ਵੱਲ ਮਾਰਗ ਦਰਸ਼ਨ ਕਰਦਾ ਹੈ ਇਸ ਦੀਆਂ ਕੁਝ ਘਟਨਾਵਾਂ ਪੇਸ਼ ਕਰਾਂਗਾ । ਸੁਪਨਿਆਂ ਰਾਹੀਂ ਅਹਮਦੀ ਹੋਣ ਵਾਲਿਆਂ ਦੀਆਂ ਕੁਝ ਘਟਨਾਵਾਂ ਹਨ ।

ਕਾਜ਼ਾਨ ਤੋਂ ਸਾਡੇ ਮੁਬਲੱਗ਼ ਲਿਖੱਦੇ ਹਨ ਕਿ ਇਕ ਮਿਤੱਰ ਨਾਲ ਪ੍ਰਚਾਰਕ ਰਾਬਤਾ ਹੋਇਆ, ਉਹਨਾਂ ਨਾਲ ਪ੍ਰਸ਼ਨ ਉਤੱਰ ਹੁੰਦੇ ਰਹੇ ਕੁਝ ਜਸਮਾਂ ਪਾਕੇ ਉਹਨਾਂ ਨੇ ਬੈਅਤ ਕਰ ਲਈ । ਆਪਣੀ ਬੈਅਤ ਦੀ ਘਟਨਾ ਵਰਨਣ ਕਰਦਿਆਂ ਹੋਇਆਂ ਉਹ ਦਸੱਦੇ ਹਨ ਕਿ ਰੱਬ ਨੇ ਮੈਂਨੂੰ ਸੁਪਨੇ ਵਿੱਚ ਦਿਖਾਇਆ ਕਿ ਮੈਂ ਸ਼ਾਮ (ਸੀਰੀਆ) ਦੇ ਖੇਤਰ ਵਿੱਚ ਹਾਂ ਅਤੇ ਦੋ ਦਲ ਆਪੋ ਵਿੱਚ ਲੜ ਰਹੇ ਹਨ, ਉਹਨਾਂ ਦੀ ਲੜਾਈ ਸਮੇਂ ਇਕ ਤੀਜਾ ਦੱਲ ਆਉਦਾ ਹੈ ਅਤੇ ਦੋਹਾਂ ਨੂੰ ਸਮਝਾਉਂਦਾ ਹੈ ਕਿ ਤੁਸੀਂ ਇਕ ਦੂਜੇ ਨੂੰ ਕਤਲ ਕਰਕੇ ਜ਼ੁਲਮ ਕਰ ਰਹੇ ਹੋ ਇਹ ਲੜਾਈ ਖ਼ਤਮ ਕਰੋ ਅਤੇ ਆਪੋ ਵਿੱਚ ਸੁਲਾਹ ਕਰ ਲਓ ਤਾਂ ਉਹ ਇਸ ਤੀਜੇ ਦਲ ਦੇ ਕਹਿਣ'ਤੇ ਉਹ ਆਪਣੇ ਹੱਥਿਆਰ ਸੁਟੱ ਦਿੰਦੇ ਹਨ ਅਤੇ ਆਪੋ ਵਿੱਚ ਇਸ ਦੂਜੇ ਨੂੰ ਗੱਲ ਲਾਉਣਾ ਸ਼ੁਰੂ ਕਰ ਦਿੰਦੇ ਹਨ । ਇਸ'ਤੇ ਇਹ ਰੂਸੀ ਮਿਤੱਰ ਕਹਿੰਦੇ ਹਨ ਕਿ ਮੈਂ ਕਿਸੇ ਨੂੰ ਪੁਛੱਦਾ ਹਾਂ ਕਿ ਇਹ ਤੀਜੀ ਜਮਾਤ ਕੌਣ ਹੈ ਜਿਸ ਨੇ ਇਹਨਾਂ ਦੋਹਾਂ ਦਲਾਂ ਵਿੱਚ ਸੰਧੀ ਕਰਾਈ ਹੈ ਤਾਂ ਮੈਂਨੂੰ ਦੱਸਿਆ ਜਾਂਦਾ ਹੈ ਕਿ ਇਹ ਜਮਾਤ ਅਹਮਦੀਆ ਦੇ ਲੋਕ ਹਨ । ਇਸੇ ਪ੍ਰਾਕਾਰ ਇਕ ਦੂਜੇ ਸੁਪਨੇ ਬਾਰੇ ਇਹ ਕਹਿੰਦੇ ਹਨ ਕਿ ਮੈਂਨੂੰ ਰੱਬ ਨੇ ਦਿਖਾਇਆ ਕਿ ਵਰਖਾ ਦੀ ਰੁੱਤ ਬਣੀ ਹੋਈ ਹੈ ਅਤੇ ਠੰਡੀ ਹਵਾ ਚਲ ਰਹੀ ਹੈ ਅਤੇ ਮੈਂਨੂੰ ਅਵਾਜ਼ ਆਈ ਕਿ ਅਹਮਦੀਅਤ ਹੀ ਸਹੀ ਅਕੀਦਾ ਹੈ, ਕਹਿੰਦੇ ਹਨ ਇਹਨਾਂ ਸੁਪਨਿਆਂ ਦੇ ਬਾਦ ਹੀ ਮੈਂ ਬੈਅਤ ਕਰ ਲਈ ।

ਫ਼੍ਰਾਂਸ ਤੋਂ ਇਕ ਇਸਤਰੀ ਹਨ ਮਾਲਿਕਾ ਸਾਹਿਬਾ ਅਪਣੇ ਅਹਮਦੀ ਹੋਣ ਦੀ ਘਟਨਾ ਨੂੰ ਵਰਨਣ ਕਰਦਿਆਂ ਹੋਇਆਂ ਲਿਖੱਦੀ ਹਨ ਕਿ ਮੇਰੇ ਸਾਰੇ ਪਰਿਵਾਰ ਵਿੱਚ ਅਹਮਦੀਅਤ ਦਾ ਸੰਦੇਸ਼ ਪਹੁੰਚ ਚੁਕਿਆ ਸੀ ਅਤੇ ਇਸ ਹਵਾਲੇ ਨਾਲ ਅਧਿਕਤਰ ਸਾਡੇ ਘਰ ਵਿੱਚ ਗਲੱਾਂ ਵੀ ਹੁੰਦੀਆਂ ਰਹਿੰਦੀਆਂ ਸਨ ਕਿ ਫ਼ਲਾਣੇ ਵਿਅਕਤੀ ਦਾ ਰੱਬ ਨੇ ਸੁਪਨਿਆਂ ਰਾਹੀਂ ਮਾਰਗਦਰਸ਼ਨ ਕੀਤਾ ਅਤੇ ਉਹ ਜਮਾਤ ਵਿੱਚ ਸ਼ਮਾਲ ਹੋ ਗਿਆ । ਮੈਂ ਇਹ ਗੱਲਾਂ ਸੁਣਦੀ ਰਹਿੰਦੀ ਸੀ ਪਰ ਕਦੇ ਵੀ ਕੋਈ ਗੱਲ ਆਪ ਨਹੀਂ ਆਖੀ । ਕਹਿੰਦੀ ਹਨ ਕਿ ਇਕ ਦਿਨ ਰੱਬ ਦੀ ਹਜ਼ੂਰੀ ਵਿਚ ਦੁਆ ਕੀਤੀ ਕਿ ਤੂੰ ਮੈਂਨੂੰ ਦੱਸ ਕਿ ਅਹਮਦੀਅਤ ਸਿਧੱਾ ਮਾਰਗ ਹੈ ਜਾਂ ਗ਼ਲਤ । ਕਹਿੰਦੀ ਹਨ ਕਿ ਅਗਲੀਆਂ ਤਿੰਨ ਰਾਤਾਂ ਵਿੱਚ ਰੱਬ ਨੇ ਮੈਂਨੂੰ ਇਕ ਮਗਰੋ ਇਕ ਤਿੰਨ ਸੁਪਨੇ ਦਿਖਾਏ । ਪਹਿਲੇ ਸੁਪਨੇ ਵਿੱਚ ਮੈਂ ਦੇਖਿਆ ਕਿ ਜਿਵੇਂ ਕਯਾਮਤ (ਪਰਲੈ) ਆ ਗਈ ਹੈ ਹਰ ਪਾਸੇ ਹਫੜਾ ਤਫ਼ੜੀ ਪਈ ਹੋਈ ਹੈ ਪਰ ਮੇਰੇ ਭੈਣ ਭਰਾ ਜੋ ਅਹਮਦੀ ਹੋ ਚੁਕੇ ਹਨ ਉਹ ਉਕੱਾ ਹੀ ਹਫੜਾ ਤਫ਼ੜੀ ਵਿੱਚ ਨਹੀਂ ਹਨ ਸਗੋਂ ਬਹੁਤ ਖ਼ੁਸ਼ ਹਨ ਜੱਦ ਕਿ ਮੈਂ ਚੀਕੋ ਪੁਕਾਰ ਕਰ ਰਹੀ ਹਾਂ ਕਿ ਹਾਲਾਤ ਬਹੁਤ ਖ਼ਤਰਨਾਕ ਹਨ, ਜੱਦ ਕਿ ਉਹ ਉਕੱਾ ਹੀ ਚਿੰਤਤ ਨਹੀਂ, ਸਗੋਂ ਕਹਿ ਰਹੇ ਹਨ ਕਿ ਅਸੀਂ ਜਮਾਤ ਅਹਮਦੀਆ ਦੇ ਜਲਸੇ ਵਿੱਚ ਜਾਣਾ ਹੈ । ਮੈਂ ਸੁਪਨੇ ਵਿੱਚ ਡਰ ਦੀ ਅਵਸਥਾ ਵਿੱਚ ਹੀ ਉਹਨਾਂ ਨੂੰ ਚਿਮਟ ਜਾਂਦੀ ਹਾਂ । ਫਿਰ ਇਕ ਸੁਪਨੇ ਵਿੱਚ ਦੇਖਿਆ ਕਿ ਮੇਰੀ ਭੈਣ ਜੋ ਅਹਮਦੀ ਹੋ ਚੁੱਕੀ ਹੈ ਉਹ ਮੈਂਨੂੰ ਕਹਿ ਰਹੀ ਹੈ ਕਿ ਨਮਾਜ਼ ਪੜ੍ਹੋ ਇਹੋ ਇਕ ਮਾਰਗ ਹੈ । ਇਸੇ ਪ੍ਰਕਾਰ ਤੀਜੀ ਰਾਤ ਮੈਂ ਸੁਪਨੇ ਵਿੱਚ ਦੇਖਿਆ ਕਿ ਮੈਂ ਆਪਣੇ ਭੈਣ ਭਰਾਵਾਂ ਨਾਲ ਬੈਠੀ ਹੋਈ ਹਾਂ ਅਤੇ ਮੈਂ ਅਨੁਭਵ ਕੀਤਾ ਕਿ ਜਿਵੇਂ ਰੱਬ ਨੇ ਮੇਰੇ ਹੱਥ'ਤੇ ਕੁਝ ਲਿੱਖਿਆ ਹੈ, ਇਉਂ ਇਹਨਾਂ ਸੁਪਨਿਆਂ ਦੇ ਬਾਦ ਕਹਿੰਦੀ ਹਨ ਕਿ ਮੇਰੇ ਮਨ ਵਿੱਚ ਤਸੱਲੀ ਪੈਦਾ ਹੋਈ ਕਿ ਇਹ ਜਮਾਤ ਦੀ ਸਚੱਾਈ ਬਾਰੇ ਹੀ ਸੁਪਨੇ ਹਨ ਅਤੇ ਮੈਂ ਬੈਅਤ ਕਰ ਲਈ ਅਤੇ ਹੁਣ ਪੂਰਾ ਪਰਿਵਾਰ ਅਹਮਦੀਅਤ ਵਿੱਚ ਦਾਖ਼ਲ ਹੋ ਚੁਕਿਆ ਹੈ ।

ਅਬਦੁਲ ਅਜ਼ੀਜ਼ ਤਰਾਵੜੇ ਸਾਹਬ ਜੋ ਆਇਵਰੀਕੋਸਟ ਦੇ ਇਕ ਪਿੰਡ ਸ਼ੈਪੂ ਵਿੱਚ ਸੇਵਾ ਦਾ ਸੁਅਵਸਰ ਪਾ ਰਹੇ ਹਨ ਵਰਨ ਕਰਦੇ ਹਨ ਕਿ ਇਕ ਰੱਜੇ ਪੁੱਗੇ ਵਿਅਕਤੀ ਵਾਮਾਰਾ ਤਰਾਵੜੇ ਸਾਹਬ ਨੇ ਇਕ ਦਿਨ ਸੁਪਨੇ ਵਿੱਚ ਦੇਖਿਆ ਕਿ ਉਹਨਾਂ ਦੇ ਪਿੰਡ ਵਿੱਚ ਅਰਬ ਲੋਕ ਆਏ ਹਨ । ਸੁਪਨੇ ਵਿੱਚ ਹੀ ਉਹਨਾਂ ਦੇ ਆਉਣ'ਤੇ ਕਈ ਲੋਕਾਂ ਨੇ ਆਖਣਾ ਸ਼ੁਰੂ ਕੀਤਾ ਕਿ ਇਹ ਲੋਕ ਅਸਲੀ ਅਰਬ ਨਹੀਂ ਹਨ, ਇਹਨਾ ਤੋਂ ਦੂਰ ਰਹਿਣ । ਇਸੇ ਸਮੇਂ ਇਹ ਕਹਿੰਦੇ ਹਨ ਕਿ ਮੈਨੂੰ ਅਵਾਜ਼ ਆਈ ਸੁਪਨੇ ਵਿੱਚ ਕਿ ਜੇਕਰ ਤੁਸੀਂ ਰੱਬ ਨੂੰ ਪਾਉਣਾ ਚਾਹੁੰਦੇ ਹੋ ਤਾਂ ਇਹਨਾਂ ਲੋਕਾਂ ਰਾਹੀਂ ਰੱਬ ਨੂੰ ਪਾਓਗੇ । ਇਸ ਦੇ ਕੁਝ ਦਿਨਾ ਬਾਦ ਕਹਿੰਦੇ ਹਨ ਕਿ ਅਹਮਦੀਆਂ ਦੇ ਮੁਬਲੱਗ਼ (ਪ੍ਰਚਾਰਕ) ਸਾਡੇ ਪਿੰਡ ਆਏ ਤਾਂ ਕੁਝ ਲੋਕਾਂ ਨੇ ਆਖਣਾ ਸ਼ੁਰੂ ਕਰ ਦਿਤੱਾ ਕਿ ਇਹ ਮੁਸਲਮਾਨ ਨਹੀਂ ਹਨ, ਇਹਨਾਂ ਲੋਕਾਂ ਤੋਂ ਦੂਰ ਰਿਹਾ ਜਾਵੇ, ਇਹੋ ਸਾਡੇ ਮੋਲਵੀਆਂ ਦਾ ਫ਼ਤਵਾ ਹੈ । ਇਹਨਾਂ ਨੇ ਜੱਦ ਇਹ ਦੇਖਿਆ ਤਾਂ ਇਹਨਾਂ ਨੂੰ ਆਪਣਾ ਸੁਪਨਾ ਚੇਤੇ ਆ ਗਿਆ ਇਸ ਦੇ ਕੁਝ ਦਿਨਾਂ ਬਾਦ ਹੀ ਇਹਨਾਂ ਨੇ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋ ਗਏ । ਜਲਸਾ ਸਾਲਾਨਾ ਆਇਵਰੀਕੋਸਟ ਵਿੱਚ ਵੀ ਸ਼ਾਮਲ ਹੋਏ ਅਤੇ ਬਹੁਤ ਹੀ ਜੋਸ਼ ਤੇ ਵਲਵਲੇ ਨਾਲ ਸ਼ਾਮਲ ਹੋਏ ।

ਕਾਂਗੋ ਬ੍ਰਾਜ਼ਵੀਲ ਤੋਂ ਬਸ਼ੀਰ ਸਾਕਲਾ ਸਾਹਬ ਕਹਿੰਦੇ ਹਨ ਕਿ ਮੈਨੂੰ ਪਹਿਲੀ ਵਾਰ 2014 ਈ. ਵਿੱਚ ਏਥੇ ਲੋਕਲ ਜਲਸੇ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿੱਥੇ ਮੈਨੂੰ ਪਤਾ ਲਗੱਾ ਕਿ ਹਜ਼ਰਤ ਈਸਾ ਫ਼ੌਤ ਹੋ ਚੁਕੇ ਹਨ ਅਤੇ ਹੁਣ ਉਹ ਅਕਾਸ਼ ਤੋਂ ਜੀਉਂਦੇ ਨਹੀਂ ਉਤਰਨਗੇ । ਇਹ ਵੀ ਪਤਾ ਲਗੱਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਇਕ ਸਮਾਂ ਅਜਿਹਾ ਆਏਗਾ ਕਿ ਮੁਸਲਮਾਨ ਫਿਰਕਿਆਂ ਵਿੱਚ ਵੰਡ ਜਾਣਗੇ ਅਤੇ ਇਸਲਾਮ ਕੇਵਲ ਨਾਂ ਦਾ ਬਾਕੀ ਰਹਿ ਜਾਵੇਗਾ । ਉਸ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਉਣਗੇ ਅਤੇ ਕੇਵਲ ਉਹਨਾ ਦੀ ਜਮਾਤ ਹੀ ਸੁਮਾਰਗ ਉਪੱਰ ਹੋਵੇਗੀ । ਕਹਿੰਦੇ ਹਨ ਕਿ ਫਿਰ ਮੈਂ ਜਮਾਤ ਅਹਮਦੀਆ ਦੇ ਲਿਟ੍ਰੇਚਰ ਅਤੇ ਕਿਤਾਬਾਂ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਜਿਸ ਨਾਲ ਮੈਨੂੰ ਅਹਮਦੀਅਤ ਦੀ ਸਚੱਾਈ ਸਮਝਣ ਨਾ ਮੌਕਾ ਮਿਲਿਆ । ਇਸੇ ਸਮੇਂ ਇਕ ਰਾਤ ਉਹਨਾਂ ਨੇ ਸੁਪਨੇ ਵਿੱਚ ਦੇਖਿਆ ਕਿ ਇਕ ਵਿਅਕਤੀ ਨੇ ਮੈਨੂੰ ਚਿਟੱਾ ਤੇ ਗੁਲਾਬੀ ਰੰਗ ਨਾ ਸੁੰਦਰ ਵਸਤਰ ਦਿਤੱਾ ਹੈ ਅਤੇ ਫਿਰ ਰਮਜ਼ਾਨ ਦੇ ਮਹੀਨੇ ਵਿੱਚ ਇਕ ਦਿਨ ਸੁਪਨੇ ਵਿੱਚ ਦੇਖਿਆ ਕਿ ਮੈਂ ਬਹੁਤ ਉਤੱਮ ਬਸ ਵਿੱਚ ਜਾਤਰਾ ਕਰ ਰਿਹਾ ਹਾਂ ਇਸ ਸੁਪਨੇ ਦੇ ਬਾਦ ਮੇਰੀ ਤਸੱਲੀ ਹੋ ਗਈ ਕਿ ਕਿਉਂਕਿ ਬਸ ਜਾਤਰਾ ਦਾ ਸਾਧਨ ਹੈ ਇਸ ਲਈ ਮੈਂ ਜਿਸ ਮਾਰਗ'ਤੇ ਜਾ ਰਿਹਾ ਹਾਂ ਉਹ ਬਹੁਤ ਉਤੱਮ ਹੈ । ਸੋ, ਇਸ ਸੁਫ਼ਨੇ ਦੇ ਬਾਦ ਮੈਂ ਅਹਮਦੀਅਤ ਕੁਬੂਲ ਕਰ ਲਈ ।

ਕਰਗ਼ਿਸਤਾਨ ਜਮਾਤ ਦੇ ਨਵੇਂ ਅਹਮਦੀ ਅਸ਼ਲਨ ਰਾਮੇਲ ਸਾਹਬ ਆਪਣੇ ਅਹਮਦੀ ਹੋਣ ਦੀ ਘਟਨਾ ਵਰਨਣ ਕਰਦਿਆਂ ਹੋਇਆ ਕਹਿੰਦੇ ਹਨ ਕਿ ਇਕ ਮੁਸਲਮਾਨ ਪਰਿਵਾਰ ਵਿੱਚ ਪੈਦਾ ਹੋਇਆ, ਇਸ ਲਈ ਇਸਲਾਮ ਮੇਰੇ ਲਈ ਓਪਰਾ ਧਰਮ ਨਹੀਂ ਸੀ ਪਰ ਮੈਂ ਧਰਮ ਦੇ ਉਦੇਸ਼ਿਆ ਤੇ ਲੋੜ ਬਾਰੇ ਕਦੇ ਨਹੀਂ ਸੋਚਿਆ ਸੀ, ਜਿੱਥੇ ਮੈਂ ਕੰਮ ਕਰਦਾ ਹਾਂ ਓਥੇ ਕਰਗ਼ਿਸਤਾਨ ਦੇ ਜਮਾਤ ਅਹਮਦੀਆ ਦੇ ਸਦਰ ਸਾਹਬ ਨਾਲ ਮੁਲਾਕਾਤ ਹੋਈ । ਵੱਖ ਵੱਖ ਵਿਸ਼ਿਆਂ ਉਪੱਰ ਗੱਲ ਹੁੰਦੀ ਰਹੀ । ਧਰਮ ਬਾਰੇ ਜੱਦ ਗੱਲ ਹੋਈ ਤਾਂ ਉਹਨਾਂ ਦੀਆਂ ਗੱਲਾਂ ਤੋਂ ਹੋਲੀ ਹੋਲੀ ਇਸਲਾਮ ਦੀ ਵਾਸਤਵਿਕਤਾ ਮੇਰੇ ਉਪੱਰ ਖੁਲੱਣੀ ਅਰੰਭ ਹੋਈ ਅਤੇ ਮੈਨੂੰ ਇਸ ਗੱਲ ਦੀ ਜਾਣਕਾਰੀ ਹੋਈ ਕਿ ਵਰਤਮਾਨ ਸਮੇਂ ਵਿੱਚ ਮੁਸਲਮਾਨ ਹਕੀਕੀ ਇਸਲਾਮ ਉਪੱਰ ਅਮਲ ਨਹੀਂ ਕਰ ਰਹੇ ਹਨ । ਉਹਨਾਂ ਨਾਲ ਗੱਲ ਕਰਕੇ ਮੇਰੇ ਪ੍ਰਸ਼ਨਾ ਦੇ ਉਤੱਰ ਮਿਲਣੇ ਅਰੰਭ ਹੋ ਗਏ । ਪਹਿਲੀ ਵਾਰ ਮੈਂ ਕੁਰਆਨ ਕਰੀਮ ਪੜ੍ਹਨਾ ਸ਼ੁਰੂ ਕੀਤਾ । ਫਿਰ ਇਕ ਦਿਨ ਬੈਅਤ ਕਰਨ ਦਾ ਫ਼ੈਸਲਾ ਕੀਤਾ,

ਇਸੇ ਰਾਤ ਮੈਂ ਸੁਫਨੇ ਵਿੱਚ ਦੇਖਿਆ ਕਿ ਮੇਰੇ ਪਿਤਾ ਜੀ ਦੇ ਮਿਤੱਰ ਨੇ ਮੈਨੂੰ ਇਕ ਪਾਸੇ ਸੰਕੇਤ ਕਰਕੇ ਕਿਹਾ ਕਿ ਇਸ ਥਾਂ ਇਕ ਨਿਸ਼ਾਨ ਹੈ ਪਰ ਇਸ ਨਿਸ਼ਾਨ ਬਾਰੇ ਕਿਸੇ ਨੂੰ ਨ ਦਸੱਣਾ ਕਿਉਂਕਿ ਆਤੰਕੀ ਆਣਕੇ ਇਸ ਨਿਸ਼ਾਨ ਨੂੰ ਤਬਾਹ ਕਰ ਦੇਣਗੇ । ਸੋ ਮੈਂ ਜਾਕੇ ਨਿਸ਼ਾਨ ਦੇਖਿਆ ਉਹ ਇਕ ਬਹੁਤ ਵਡੱਾ ਬਾਗ਼ ਹੈ ਉਸ ਬਾਗ਼ ਵਿੱਚ ਤਿਤਲੀਆਂ ਵਾਂਗ ਮਖ਼ਲੂਕ ਉਡੱ ਰਹੀ ਸੀ, ਸੋ, ਮੈਂ ਸੋਚਣ ਲਗੱਾ ਰੱਬ ਦੇ ਇਸ ਨਿਸ਼ਾਨ ਨੂੰ ਅਸੀਂ ਕਿਵੇਂ ਲੁਕੋ ਸਕਦੇ ਹਾਂ । ਇਸੇ ਸਮੇਂ ਮੈਂ ਪੰਛੀ ਵਾਂਗ ਉਡੱਣ ਲਗੱ ਜਾਂਦਾ ਹਾਂ, ਮੈਂ ਉਡੱਕੇ ਆਪਣੇ ਪਿਤਾ ਦੇ ਮਿਤੱਰਾਂ ਦੇ ਘਰ ਗਿਆ, ਉਹ ਚਾਹ ਪੀ ਰਹੇ ਹੁੰਦੇ ਹਨ ਪਰ ਮੈਨੂੰ ਦੇਖਕੇ ਕੇਵਲ ਇਕ ਪੰਛੀ ਸਮਝਦੇ ਹਨ ਪਰ ਮੈਂ ਉਹਨਾਂ ਨੂੰ ਤਿੰਨ ਵਾਰ ਅਲੱਾਹੁ ਅਕਬਰ ਕਹਿੰਦਾ ਹਾਂ ਤਾਂ ਉਹ ਘਬਰਾ ਜਾਂਦੇ ਹਨ ਕਿ ਇਹ ਪੰਛੀ ਕਿਵੇਂ ਬੋਲ ਸਕਦਾ ਹੈ ਫਿਰ ਮੈਂ ਅਕਾਸ਼ ਵੱਲ ਉਡੱ ਜਾਂਦਾ ਹਾਂ । ਅਕਾਸ਼ ਵੱਲ ਉਡੱਦਿਆਂ ਸਮੇਂ ਮੈਂ ਪੰਛੀ ਤੋਂ ਫ਼ਰਿਸ਼ਤੇ ਵਿੱਚ ਬਦਲ ਜਾਂਦਾ ਹਾਂ । ਫਿਰ ਮੈਂ ਧਰਤੀ ਵੱਲ ਦੇਖਦਾ ਹਾਂ ਕਿ ਸਾਰੇ ਲੋਕ ਮਰ ਚੁਕੇ ਹਨ ਅਤੇ ਕੋਈ ਜੀਉਂਦਾ ਨਹੀਂ ਹੈ । ਕਹਿੰਦੇ ਹਨ ਕਿ ਮੈਂ ਆਪਣੇ ਘਰ ਵੱਲ ਉਡੱਕੇ ਆਉਂਦਾ ਹਾਂ । ਇਸ ਦੇ ਬਾਦ ਸੁਪਨੇ ਵਿੱਚ ਹੀ ਘਰ ਵਿੱਚ ਦਾਖ਼ਲ ਹੁੰਦਿਆਂ ਹੋਇਆਂ ਜਾਗ ਜਾਂਦਾ ਹਾਂ । ਇਸ ਸੁਪਨੇ ਦੇ ਬਾਦ ਕਹਿੰਦੇ ਹਨ ਕਿ ਮੈਂ ਫ਼ੈਸਲਾ ਕੀਤਾ ਕਿ ਰੱਬ ਨੇ ਮੈਨੂੰ ਰੂਹਾਨੀ ਸ਼ਕਤੀ ਦਿੱਤੀ ਹੈ । ਸੋ, ਇਸ ਦੇ ਬਾਦ ਮੈਂ ਬੈਅਤ ਕਰ ਲਈ ਅਤੇ ਜਮਾਤ ਅਹਮਦੀਆ ਵਿੱਚ ਸ਼ਾਮਲ ਹੋ ਗਿਆ ।

ਅਬਦੁਲ ਹਾਦੀ ਸਾਹਬ ਮਿਸਰ ਦੇ ਹਨ ਕਹਿੰਦੇ ਹਨ ਕਿ ਅਹਮਦੀਅਤ ਬਾਰੇ ਜਾਨਣ ਤੋਂ ਵਾਹਵਾ ਸਮਾਂ ਪਹਿਲਾਂ ਮੈਂ ਸੁਪਨੇ ਵਿੱਚ ਦੇਖਿਆ ਕਿ ਮੈਂ ਇਕ ਵਿਰਾਨੇ ਤੇ ਸੁੰਨਸਾਨ ਮਾਰਗ ਉਪੱਰ ਇਕ ਗੁੰਮਨਾਮ ਮੰਜ਼ਲ ਵੱਲ ਚੱਲ ਰਿਹਾ ਹਾਂ ਅਜਿਹੇ ਸਮੇਂ ਇਕ ਨੇਕ ਵਿਅਕਤੀ ਆਉਂਦਾ ਹੈ ਅਤੇ ਮੈਨੂੰ ਇਸ ਮਾਰਗ ਤੋਂ ਹਟਾਕੇ ਇਕ ਨਵੇਂ ਮਾਰਗ ਵਿੱਚ ਪਾ ਦਿੰਦਾ ਹੈ । ਅਜੀਬ ਗੱਲ ਇਹ ਹੈ ਕਿ ਮੈਂ ਕੋਈ ਤਰਕ ਕੀਤੇ ਬਿਨਾ ਖ਼ੁਸ਼ੀ ਨਾਲ ਉਸ ਮਾਰਗ'ਤੇ ਚਲੱਣਾ ਸ਼ੁਰੂ ਕਰ ਦਿੰਦਾ ਹਾਂ ਜਿਸ ਮਾਰਗ'ਤੇ ਉਹ ਨੇਕ ਵਿਅਕਤੀ ਮੈਨੂੰ ਲਿਆ ਖੜਾ ਕਰਦਾ ਹੈ । ਇਸ ਦਾ ਕਾਰਣ ਇਹ ਹੈ ਕਿ ਉਸ ਦੇ ਹਮਦਰਦੀ ਭਰੇ ਰਵੱਈਏ ਕਰਕੇ ਮੈਨੂੰ ਅਨੁਭਵ ਹੁੰਦਾ ਹੈ ਕਿ ਜਿਵੇਂ ਉਸ ਦੇ ਮੈਨੂੰ ਭੈੜੇ ਅੰਜਾਮ ਤੋਂ ਬਚਾ ਕੇ ਚੰਗੇ ਭਲੇ ਮਾਰਗ ਵਲ ਤੋਰ ਦਿਤੱਾ ਹੈ । ਸੋ, ਮਾਰਗ ਉਪੱਰ ਚਲਦਿਆਂ ਚਲਦਿਆਂ ਕੁਝ ਦੇਰ ਬਾਦ ਇਕ ਉਚੀ ਥਾਂ'ਤੇ ਪਹੁੰਚਕੇ ਆਪਣੇ ਪੁਰਾਣੇ ਮਾਰਗ ਵੱਲ ਤਕੱਦਾ ਹਾਂ ਤਾਂ ਓਥੇ ਇਕ ਜਾਬਰ ਵਿਅਕਤੀ ਨੂੰ ਲੋਕਾਂ ਨਾਲ ਜਬਰੀ ਕੰਮ ਕਰਵਾਉਂਦੇ ਹੋਏ ਦੇਖਦਾ ਹਾਂ ਤਾਂ ਮੈਂ ਸੋਚਦਾ ਹਾਂ ਕਿ ਜੇਕਰ ਇਹ ਨੇਕ ਵਿਅਕਤੀ ਮੈਨੂੰ ਇਸ ਮਾਰਗ ਤੋਂ ਨ ਹਟਾਉਂਦਾ ਤਾਂ ਅੱਜ ਮੈਂ ਵੀ ਹੋਰਨਾ ਕਈ ਲੋਕਾਂ ਵਾਂਗ ਇਸੇ ਜ਼ੁਲਮ ਦਾ ਸ਼ਿਕਾਰ ਹੋ ਜਾਂਦਾ । ਸੁਪਨੇ ਵਿੱਚ ਹੀ ਮੈਨੂ ਵਿਚਾਰ ਆਉਂਦਾ ਹੈ ਕਿ ਸ਼ਾਇਦ ਇਹ ਵਿਅਕਤੀ ਰੱਬ ਦਾ ਨਬੀ ਮੂਸਾ ਅਲੈਹਿ ਸਲਾਮ ਹੈ । ਕਹਿੰਦੇ ਹਨ ਕਿ ਵਾਹਵਾ ਸਮੇਂ ਬਾਦ ਜੱਦ ਮੇਰਾ ਜਮਾਤ ਨਾਲ ਪਰੀਚੇ ਹੋਇਆ ਤਾਂ ਸਮਝ ਵਿੱਚ ਆਇਆ ਕਿ ਜਿਸ ਮਾਰਗ ਉਪੱਰ ਮੈਂ ਚਲ ਰਿਹਾ ਸੀ ਉਹ ਤਬਾਹੀ ਤੇ ਬਰਬਾਦੀ ਵੱਲ ਜਾਂਦਾ ਸੀ ਅਤੇ ਜਿਸ ਨੇਕ ਵਿਅਕਤੀ ਨੇ ਮੈਨੂੰ ਇਸ ਮਾਰਗ ਤੋਂ ਹਟਾਕੇ ਨਵੇਂ ਮਾਰਗ ਵਿੱਚ ਪਾ ਦਿਤੱਾ ਸੀ, ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਨ ਜੱਦਕਿ ਨਵਾਂ ਮਾਰਗ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਸੀ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਇਹ ਕੁਝ ਨਮੂਨੇ ਮੈਂ ਪੇਸ਼ ਕੀਤੇ । ਕੋਈ ਰੂਸ ਦੀਆਂ ਸਾਬਕਾ ਰਿਯਾਸਤਾਂ ਵਿੱਚੋਂ ਹੈ, ਕੋਈ ਯੂਰੋਪੀਅਨ ਦੇਸ਼ ਦਾ ਹੈ, ਕੋਈ ਪਛੱਮੀ ਅਫ਼ਰੀਕਾ ਵਿੱਚੋਂ ਹੈ, ਕੋਈ ਸੈਂਟਰਲ ਅਫ਼ਰੀਕਾ ਵਿੱਚੋਂ ਹੈ , ਕੋਈ ਅਰਬ ਦੇਸ਼ ਦਾ ਹੈ, ਵੱਖ ਵੱਖ ਕੌਮਾਂ ਦੇ ਲੋਕ, ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਪਰ ਇਕ

ਹੀ ਮਾਰਗ ਵੱਲ ਰਹਿਨੁਮਾਈ ਇਹਨਾਂ ਸਾਰਿਆਂ ਦੀ ਹੋ ਰਹੀ ਹੈ, ਇਹ ਕੌਣ ਹੈ ? ਇਹ ਮਾਰਗ ਦਰਸ਼ਨ ਨਿਸ਼ਚੇ ਹੀ ਰੱਬ ਕਰ ਰਿਹਾ ਹੈ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਫ਼ਰਮਾਇਆ ਸੀ ਕਿ ਮੈਂ ਤੇਰੇ ਖ਼ਾਲਸ ਪ੍ਰੇਮੀਆਂ ਦੇ ਦਲ ਨੂੰ ਵਧਾਵਾਂਗਾ ।

ਫਿਰ ਮਰਾਕਸ਼ ਦੇ ਇਕ ਅਹਮਦੀ ਸ਼ਕੂਰ ਸਾਹਬ ਆਪਣੀ ਬੈਅਤ ਦੀ ਘਟਨਾ ਲਿਖੱਦੇ ਹਨ ਕਿ ਅਹਮਦੀਅਤ ਦਾ ਪਰੀਚੇ ਅਰੰਭਕ ਦਿਨਾਂ ਵਿੱਚ ਜੱਦ ‘ਲਿਕਾ ਮਾਅਲ ਅਰਬ’ (ਟੀਵੀ ਪ੍ਰੋਗਰਾਮ) ਬਕਾਇਦਗੀ ਨਾਲ ਦੇਖਿਆ ਕਰਦਾ ਸੀ ਮੈਂ ਸੁਪਨੇ ਵਿੱਚ ਦੇਖਿਆ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਇਕ ਪਹਾੜੀ ਦੀ ਚੋਟੀ ਵੱਲ ਜਾਣ ਵਾਲੇ ਇਕ ਮਾਰਗ’ਤੇ ਚਲ ਰਹੇ ਹਨ ਆਪ ਨੇ ਚਿੱਟੇ ਰੰਗ ਦਾ ਪਾਸਿਤਾਨੀ ਵਸਤਰ ਪਾਇਆ ਹੋਇਆ ਹੈ, ਮੈਂ ਹਜ਼ੂਰ ਦੇ ਪਿੱਛੇ ਪਿੱਛੇ ਚਲਦਿਆਂ ਹੋਇਆਂ ਪਹਾੜੀ ਦੀ ਚੋਟੀ ਨੇੜੇ ਪਹੁੰਚ ਜਾਂਦਾ ਹਾਂ । ਸਾਨੂੰ ਪਹਾੜੀ ਦੇ ਪਿੱਛੇ ਇਕ ਤਿੱਖੀ ਰੋਸ਼ਨੀ ਦਿਖਾਈ ਦਿੰਦੀ ਹੈ ਜੋ ਅਕਾਸ਼’ਤੇ ਫ਼ੈਲ ਜਾਂਦੀ ਹੈ ਅਜਿਹਾ ਲਗੱਦਾ ਹੈ ਕਿ ਉਹ ਫ਼ਜਰ ਦੇ ਸਮੇਂ ਦੀ ਸੁਫ਼ੈਦੀ ਹੈ । ਮੈਂਨੂੰ ਕੁਝ ਡਰ ਜਿਹਾ ਲਗੱਦਾ ਹੈ ਅਤੇ ਮੇਰੇ ਪੈਰ੍ਹ ਕੁਝ ਸੁਸਤ ਹੋ ਜਾਂਦੇ ਹਨ, ਹਜ਼ਰਤ ਖ਼ਲ਼ੀਫ਼ਾਤੁਲ ਮਸੀਹ ਰਾਬੇ ਕਹਿੰਦੇ ਹਨ, ਮੇਰੇ ਪਿੱਛੇ ਪਿੱਛੇ ਚਲਦੇ ਰਹੋ ਅਤੇ ਡਰੋ ਨਹੀਂ । ਕਹਿੰਦੇ ਹਨ, ਅਲਹਮਦੁਲਿਲੱਾਹ ਕਿ ਡਰ ਤੇ ਖ਼ਤਰਿਆਂ ਦੇ ਹਓਂਦਿਆਂ ਹੋਇਆਂ ਵੀ ਇਸ ਸੁਪਨੇ ਅਨੁਸਾਰ ਲਿਕਾ ਮਾਆਲ ਅਰਬ ਦੇਖਦਿਆਂ ਹੋਇਆਂ ਹਜ਼ੂਰ ਅਨਵਰ ਦੇ ਪਿੱਛੇ ਪਿੱਛੇ ਚਲਦਾ ਰਿਹਾ, ਏਥੋਂ ਤੱਕ ਕਿ ਅਹਮਦੀਅਤ ਕੁਬੂਰਲ ਕਰਨ ਦੀ ਮੰਜ਼ਲ ਆ ਗਈ ।

ਫਿਰ ਇਕ ਮਿਤੱਰ ਡਾਕਟਰ ਇਜਾਜ਼ ਅਹਮਦ ਕਰੀਮ ਸਾਹਬ ਅਲਜਜ਼ਾਇਰ ਦੇ ਜੋ ਅਸੀਰਾਨੇ ਰਾਹੇ ਮੌਲਾ ਵੀ ਬੀਤੇ ਦਿਨੀ ਹਾਲਾਤਾਂ ਕਰਕੇ ਰਹਿ ਚੁਕੇ ਹਨ ਕਹਿੰਦੇ ਹਨ ਕਿ ਮੈਂ ਕੁਰਆਨ ਕਰੀਮ ਤੇ ਇਸਲਾਮੀ ਸਿੱਖਿਆ ਦੇ ਵਿਗੜੇ ਹੋਏ ਵਿਸਥਾਰਾਂ ਕਰਕੇ ਉਕੱਾ ਹੀ ਨਿਰਾਸ਼ ਹੋ ਚੁੱਕਿਆ ਸੀ । ਮੌਲਵੀਆਂ ਦੀਆਂ ਵਿਆਖਿਆਵਾਂ ਸੁਣਕੇ ਸੋਚਦਾ ਸੀ ਕਿ ਕੀ ਇਕ ਰੱਬ ਦਾ ਕਲਾਮ ਹੋ ਸਕਦਾ ਹੈ । ਏਥੋਂ ਤੱਕ ਕਿ ਅਰਦਨ ਦੇ ਇਕ ਅਹਮਦੀ ਮਿਤੱਰ ਰਾਹੀਂ ਅਹਮਦੀਅਤ ਅਤੇ ਬਾਨੀ ਜਮਾਤ ਅਹਮਦੀਆਂ ਦੀਆਂ ਲਿਖੱਤਾਂ ਤੋਂ ਜਾਣਕਾਰੀ ਹੋਈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਿਆਖਿਆ ਪੜ੍ਹਨ ਤੋਂ ਪਹਿਲਾਂ ਨਫ਼ਲ ਪੜ੍ਹਕੇ ਦੁਆ ਕੀਤੀ ਕਿ ਰੱਬ ਸੁਮਾਰਗ ਵੱਲ ਮਾਰਗ ਦਰਸ਼ਨ ਕਰੇ । ਜਿਵੇਂ ਜਿਵੇਂ ਪੜ੍ਹਦਾ ਗਿਆ ਸੀਨਾ ਖੁਲੱਦਾ ਗਿਆ ਅਤੇ ਇਸ ਕਲਾਮ ਦੇ ਖ਼ੌਫ਼ ਨਾਲ ਸ਼ਰੀਰ ਉਪੱਰ ਕਪਕਪੀ ਛਾ ਗਈ ਅਤੇ ਵਿਸ਼ਵਾਸ਼ ਹੋ ਗਿਆ ਕਿ ਇਹ ਕਿਸੇ ਮਨੁੱਖ ਦਾ ਕਲਾਮ ਨਹੀਂ ਸਗੋਂ ਇਲਾਹੀ ਵਹੀ ਹੈ ਪਰ ਬੈਅਤ ਕਰਨ ਤੋਂ ਪਹਿਲਾਂ ਇਸਤਖ਼ਾਰਾ ਕੀਤਾ ਤਾਂ ਸੁਪਨੇ ਵਿੱਚ ਦੇਖਿਆ ਕਿ ਮੈਂ ਆਪਣੇ ਮਿਤੱਰਾਂ ਨਾਲ ਰਾਤ ਨੂੰ ਸ਼ਹਿਰ ਵਿੱਚੋਂ ਲੰਘ ਰਿਹਾ ਹਾਂ ਅਤੇ ਇਕ ਨੂਰ ਸਾਡੇ ਨਾਲ ਚੱਲ ਰਿਹਾ ਹੈ । ਇਸੇ ਸਮੇਂ ਫ਼ੋਨ ਦੀ ਘੰਟੀ ਵਜੱਦੀ ਹੈ ਦੇਖਿਆ ਤਾਂ ਪਤਾ ਲਗੱਾ ਕਿ ਇਸ’ਤੇ ਹਜ਼ਰਤ ਇਮਾਮ ਮਹਦੀ ਅਲੈਹਿ ਸਲਾਮ ਦਾ ਫ਼ੋਨ ਨੰਬਰ ਆ ਰਿਹਾ ਹੈ । ਦਿਲ ਵਿੱਚ ਫ਼ੈਸਲਾ ਕੀਤਾ ਕਿ ਮੈਂ ਇਹਨਾਂ ਨੂੰ ਵਾਪਸ ਕਾਲ ਕਰਦਾ ਹਾਂ । ਜੇਕਰ ਉਹਨਾਂ ਨੇ ਫ਼ੋਨ ਦਾ ਉਤੱਰ ਨ ਦਿੱਤਾ ਤਾਂ ਉਹ ਸੱਚੇ ਨਬੀ ਹੋਣਗੇ ਵਰਨਾ ਨਹੀਂ । ਨ ਜਾਣੇ ਕਿਉਂ ਸੁਪਨੇ ਵਿੱਚ ਹੀ ਮੈਂਨੂੰ ਵਿਚਾਰ ਆਉਂਦਾ ਹੈ ਕਿ ਨਬੀ ਫ਼ੋਨ ਦਾ ਉਤੱਰ ਨਹੀਂ ਦਿਆ ਕਰਦੇ, ਸੋ, ਮੈਂ ਫ਼ੋਨ ਕਰ ਦਿਤੱਾ, ਦੇਰ ਤੱਕ ਘੰਟੀ ਵਜੱਦੀ ਰਹੀ ਪਰ ਉਹਨਾਂ ਨੇ ਫ਼ੋਨ ਨਹੀਂ ਚੁੱਕਿਆ । ਇਸ ਦੇ ਬਾਦ ਆਪ ਨੇ ਮੇਰੇ ਸਾਹਮਣੇ ਖ਼ੌਫ਼ ਭਰਿਆ ਪ੍ਰਕਟਨ ਕੀਤਾ ਮੈਂ ਕੁਰਆਨ ਕਰੀਮ ਦੀ ਆਇਤਾਂ ਤੇ ਆਊਜ਼ਬਿਲੱਾਹ ਪੜ੍ਹਨਾ ਸ਼ੁਰੂ ਕਰ ਦਿਤੱਾ ਕਿ ਕਿਤੇ ਸ਼ੈਤਾਨ ਮੇਰੇ ਉਪੱਰ ਮਹਦੀ ਦੇ ਮਾਮਲੇ ਵਿੱਚ ਸ਼ੰਕਿਤ ਨ ਕਰ ਦੇਵੇ, ਇਸ ਦੇ ਬਾਦ ਖ਼ੌਫ਼ ਦੇ ਮਾਰੇ ਜਾਗ ਉਠਿਆ ਇਹ ਨਮਾਜ਼ ਫ਼ਜਰ ਦਾ ਸਮਾਂ ਸੀ, ਮੈਂਨੂੰ ਵਿਸ਼ਵਾਸ ਹੋ ਗਿਆ ਕਿ ਇਹ ਸੁਪਨਾ ਸਚੱਾ ਹੈ ਅਤੇ ਫਿਰ ਮੈਂ ਬੈਅਤ ਕਰ ਲਈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ ਨੇ ਅਹਮਦੀਅਤ ਕੁਬੂਲ ਕਰਨ ਦੇ ਕੁਝ ਇਮਾਨ ਵਧਾਊ ਘਟਨਾਵਾਂ ਵਰਨਣ ਕੀਤੀਆਂ ਅਤੇ ਅਖ਼ੀਰ ਵਿੱਚ ਫ਼ਰਮਾਇਆ : ਸੋ, ਅਲੱਾਹ ਤਆਲਾ ਲੋਕਾਂ ਨੂੰ ਇਸਲਾਮ ਦੀ ਹਕੀਕੀ ਸਿੱਖਿਆ ਵੱਲ ਲਿਆ ਰਿਹਾ ਹੈ ਅਤੇ ਇੰਸ਼ਾਅਲੱਾਹ ਤਆਲਾ ਇਕ ਦਿਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਹੀ ਹਕੀਕੀ ਇਸਲਾਮ ਦੁਨੀਆ ਵਿੱਚ ਗ਼ਾਲਬ ਆਏਗਾ । ਅਲੱਾਹ ਤਆਲਾ ਹਰ ਇਕ ਨੂੰ ਤੌਫ਼ੀਕ ਵੀ ਦੇਵੇ ਕਿ ਉਹ ਇਹਨਾਂ ਬਰਕਤਾਂ ਵਿੱਚੋਂ ਭਾਗ ਲੈਂਣ ਵਾਲਾ ਸਥਾਈ ਦਾਵਤ ਇਲਲੱਾਹ (ਰੱਬ ਵੱਲ ਬੁਲਾਉਣ ਵਾਲਾ) ਕਰਨ ਵਾਲਾ ਹੋਵੇ ਅਤੇ ਇਸ ਵੱਲ ਧਿਆਨ ਦੇਵੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਨਮਾਜ਼ ਜੁਮਏ ਦੇ ਬਾਦ ਮੈਂ ਦੋ ਜਨਾਜ਼ਾਏ ਗ਼ੈਬ ਵੀ ਪੜ੍ਹਾਵਾਂਗਾ । ਇਕ ਜਨਾਜ਼ਾ ਮੁਕਰੱਮਾ ਖ਼ੁਰਸ਼ੀਦ ਰੁਕੱਈਆ ਸਾਹਿਬਾ ਦਾ ਜੋ ਮੁਕਰੱਮ ਮੌਲਵੀ ਮਨਜ਼ੂਰ ਅਹਮਦ ਸਾਹਬ ਘਨੋਕੇ ਮਰਹੂਮ ਦਰਵੇਸ਼ ਕਾਦੀਆਂ ਦੀ ਸੁਪਤੱਨੀ ਸਨ । ਦੂਜਾ ਜਨਾਜ਼ਾ ਡਾਕਟਰ ਸਲਾਹੁੱਦੀਨ ਸਾਹਬ ਨਿਊਜਰਸੀ ਅਮਰੀਕਾ ਦਾ ਜੋ ਮੁਕਰੱਮ ਮੌਲਵੀ ਇਮਾਮੁੱਦੀਨ ਸਾਹਬ ਮੁਬਲੱਗ਼ ਸਿਲਸਿਲਾ ਇੰਡੋਨੇਸ਼ੀਆ ਦੇ ਪੁੱਤਰ ਸਨ । **10** ਸਤੰਬਰ **2017** ਈ. ਨੂੰ ਹਾਰਟ ਅਟੈਕ ਨਾਲ ਵਫ਼ਾਤ ਪਾ ਗਏ । (اناللهوانااليه راجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ।

**Khulasa Khutba Jumma 15.09.2017**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131